بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 03.12.2021

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਮਹਾਨ ਮਰਤਬਾ ਰਖੱਣ ਵਾਲੇ ਖ਼ਲੀਫ਼ਾ ਰਾਸ਼ਿਦ ਹਜ਼ਰਤ ਅਬੂ ਬਕਰ ਸਿੱਦੀਕ ਅਬਦੁਲੱਾਹ ਬਿਨ ਉਸਮਾਨ ਰਜ਼ੀ ਅਲੱਾਹੁ ਅਨਹੁ ਦੇ ਸਦਗੁਣਾ ਦਾ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 3 ਦਸੰਬਰ 2021 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ, ਟਿਲਫ਼ੋਰਡ (ਯੂ.ਕੇ.) ਵਿੱਚ ਦਿਤੱਾ**

أَشۡهَدُ أَنۡ لَا إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ أَمَّا بعد فاعوذ بالله من الشيطٰن الرجيم۔

بِسۡمِ اللّٰهِ الرَّحۡمٰنِ الرَّحِيۡمِ۔ اَلۡحَمۡدُ لِلّٰهِ رَبِّ الۡعٰلَمِيۡنَ۔ الرَّحۡمٰنِ الرَّحِيۡمِ۔ مٰلِكِ يَوۡمِ الدِّيۡنِ۔ إِيَّاكَ نَعۡبُدُ وَإِيَّاكَ نَسۡتَعِيۡنُ۔ اِهۡدِنَا الصِّرَاطَ الۡمُسۡتَقِيۡمَ۔ صِرَاطَ الَّذِيۡنَ أَنۡعَمۡتَ عَلَيۡهِمۡ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ۔

ਤਸ਼ਹਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅੱਜ ਹਜ਼ਰਤ ਅਬੂ ਬਕਰ ਸਿੱਦੀਕ ਰਜ਼ੀ ਅਲੱਾਹੁ ਅਨਹੁ ਦਾ ਜ਼ਿਕਰ ਸ਼ੁਰੂ ਹੋਵੇਗਾ । ਆਪ ਰਜ਼ੀ ਅਲੱਾਹੁ ਅਨਹੁ ਦਾ ਨਾਂ ਜਹਾਲਤ ਸਮੇਂ ਅਬਦੁਲ ਕਾਬਾ ਸੀ ਜਿਸਨੂੰ ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਨੇ ਬਦਲਕੇ ਅਬਦੁਲੱਾਹ ਰੱਖ ਦਿਤੱਾ ਸੀ । ਆਪ ਰਜ਼ੀ ਅਲੱਾਹੁ ਅਨਹੁ ਦਾ ਸਿਰਨਾਵਾਂ ਅਬੂ ਬਕਰ ਤੇ ਉਪਾਧੀ ਅਤੀਕ ਤੇ ਸਿੱਦੀਕ ਸੀ । ਆਪ ਜੀ ਦਾ ਜਨਮ 'ਆਮੁਲ ਫ਼ੀਲ' ਦੇ ਢਾਈ ਸਾਲ ਬਾਦ 573 ਈ. ਵਿੱਚ ਹੋਇਆ । ਆਪ ਦਾ ਸੰਬੰਧ ਕੁਰੈਸ਼ ਦੇ ਕਬੀਲੇ ਬਨੂ ਤਯਮ ਬਿਨ ਮਰੱਾਹ ਨਾਲ ਸੀ । ਆਪ ਜੀ ਦੇ ਪਿਤਾ ਦਾ ਨਾਂ ਉਸਮਾਨ ਬਿਨ ਆਮਰ ਸੀ ਅਤੇ ਸਿਰਨਾਵਾਂ ਅਬੂ ਕਹਾਫ਼ਾ ਸੀ । ਮਾਤਾ ਦਾ ਨਾਂ ਸਲਮਾ ਬਿਨਤ ਸਖ਼ਰ ਬਿਨ ਆਮਰ ਸੀ ਅਤੇ ਸਿਰਨਾਵਾਂ ਅਮੁਲਖ਼ੈਰ ਸੀ । ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦਾ ਵੰਸ਼ ਸਤੱਵੀਂ ਪੁਸ਼ਤ'ਤੇ ਮਰੱਾਹ'ਤੇ ਪਹੁੰਚਕੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੇ ਵੰਸ਼ ਨਾਲ ਜਾ ਮਿਲਦਾ ਹੈ । ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦੇ ਮਾਤਾ ਪਿਤਾ ਆਪ ਜੀ ਦੇ ਦੇਹਾਂਤ ਦੇ ਬਾਦ ਤੱਕ ਜੀਊਂਦੇ ਰਹੇ ਅਤੇ ਉਹਨਾਂ ਨੇ ਆਪਣੇ ਪੁਤੱਰ ਅਰਥਾਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦਾ ਵਿਰਸਾ ਪ੍ਰਾਪਤ ਕੀਤਾ । ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦੇ ਦੇਹਾਂਤ ਦੇ ਬਾਦ ਪਹਿਲਾਂ ਆਪ ਜੀ ਦੀ ਮਾਤਾ ਦਾ ਦੇਹਾਂਤ ਹੋਇਆ ਅਤੇ ਫਿਰ ਆਪ ਜੀ ਦੇ ਪਿਤਾ 14 ਹਿਜਰੀ ਵਿੱਚ 97 ਸਾਲ ਦੀ ਉਮਰ ਵਿੱਚ ਰੱਬ ਨੂੰ ਪਿਆਰੇ ਹੋਏ । ਆਪ ਰਜ਼ੀ ਅਲੱਾਹੁ ਅਨਹੁ ਦੇ ਪਿਤਾ ਨੇ ਮੱਕੇ ਦੀ ਜਿੱਤ ਸਮੇਂ ਇਸਲਾਮ ਕੁਬੂਲ ਕੀਤਾ ਸੀ ਜੱਦ ਕਿ ਮਾਤਾ ਅਰੰਭਕ ਇਸਲਾਮ ਕੁਬੂਲ ਕਰਨ ਵਾਲਿਆਂ ਵਿੱਚ ਸ਼ਾਮਲ ਸਨ । ਜੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਅਤੇ ਆਪਦੇ ਸਹਾਬਾ ਦੀ ਗਿਣਤੀ ਕੇਵਲ 38 ਸੀ ਅਤੇ ਹੁਣੇ ਦਾਰੇ ਅਰਕਮ ਵਿੱਚ ਲੁੱਕ ਕੇ ਇਬਾਦਤ ਕੀਤਾ ਕਰਦੇ ਸਨ, ਤੱਦ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ, ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਨੂੰ ਬਿਨਤੀ ਕਰਕੇ ਮਸਜਿਦੇ ਹਰਾਮ ਵਿੱਚ ਵਿੱਚ ਲੈ ਗਏ ਅਤੇ ਓਥੇ ਲੋਕਾਂ ਨੂੰ ਰੱਬ ਵੱਲ ਆਉਣ ਦਾ ਸਦੱਾ ਦਿਤੱਾ, ਪਰ ਉੱਥੇ ਮੌਜੂਦ ਲੋਕ ਮੁਸਲਮਾਨਾਂ'ਤੇ ਟੁੱਟਕੇ ਪੈ ਗਏ ਅਤੇ ਉਹਨਾ ਨੂੰ ਬਹੁਤ ਬੁਰੀ ਤਰਾਂ ਮਾਰਿਆ ਕੁੱਟਿਆ । ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੂੰ ਪੈਰਾਂ ਹੇਠ ਐਨਾਂ ਕੁਰਲਿਆ ਗਿਆ ਕਿ ਆਪ ਦੀ ਮੌਤ ਵਿੱਚ ਕੋਈ ਸੰਦੇਹ ਬਾਕੀ ਨਹੀਂ ਰਿਹਾ । ਜੱਦ ਆਪ ਜੀ ਨੂੰ ਕੁਝ ਹੋਸ਼ ਆਈ ਤਾਂ ਸਭ ਤੋਂ ਪਹਿਲਾਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦਾ ਹਾਲ ਪੁੱਛਿਆ । ਫਿਰ

ਆਪਣੀ ਮਾਤਾ ਨੂੰ ਉਮੇ ਜਮੀਲ ਜੋ ਹਜ਼ਰਤ ਉਮਰ ਬਿਨ ਖ਼ਤਾਬ ਰਜ਼ੀ ਅਲੱਾਹੁ ਅਨਹੁ ਦੀ ਭੈਣ ਸਨ ਉਹਨਾਂ ਕੋਲ ਭੇਜਿਆ । ਉਮੇ ਜਮੀਲ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਕੋਲ ਆਈ ਅਤੇ ਆਪ ਜੀ ਦੀ ਮਾਤਾ ਸਾਹਮਣੇ ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਬਾਰੇ ਗੱਲ ਕਰਨ ਤੋਂ ਘਬਰਾਈ । ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੇ ਵਿਸ਼ਵਾਸ ਦੁਆਇਆ ਕਿ ਉਹਨਾ ਦੀ ਮਾਂ ਇਸ ਭੇਦ ਨੂੰ ਪ੍ਰਕਟ ਨਹੀਂ ਕਰਨਗੀ । ਇਸ'ਤੇ ਉਮੇ ਜਮੀਲ ਨੇ ਦੱਸਿਆ ਕਿ ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਦਾਰੇ ਅਰਕਮ ਵਿੱਚ ਖ਼ੈਰੀਯਤ ਨਾਲ ਹਨ । ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੇ ਫ਼ਰਮਇਆ ਕਿ ਰੱਬ ਦੀ ਸਹੁੰ ! ਮੈਂ ਨ ਖਾਣਾ ਖਾਵਾਂਗਾ ਅਤੇ ਨ ਹੀ ਪਾਣੀ ਪੀਆਂਗਾ ਇੱਥੋਂ ਤੱਕ ਪਹਿਲਾਂ ਰਸੂਲੁਲੱਹ ਸਲਲੱਾਹੁ ਅਲੈਹਿ ਵਸਲੱਮ ਦੀ ਸੇਵਾ ਵਿੱਚ ਹਾਜ਼ਰ ਨ ਹੋ ਜਾਵਾਂ । ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਉਸੇ ਹਾਲਤ ਵਿੱਚ ਸਹਾਰਾ ਲੈਕੇ ਲੜਖੜਾਉਂਦੇ ਹੋਏ ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਦੀ ਸੇਵਾ ਵਿੱਚ ਹਾਜ਼ਰ ਹੋਏ । ਉਸ ਸਮੇਂ ਆਪ'ਤੇ ਅਤਿਅੰਤ ਰਿਕੱਤ (ਇਲਾਹੀ ਸਰੂਰ) ਛਾਈ ਹੋਈ ਸੀ । ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਨੇ ਆਪ ਦੀ ਇਹ ਹਾਲਤ ਦੇਖੀ ਤਾਂ ਚੁੰਮਣ ਲਈ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ'ਤੇ ਝੁਕੇ । ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੇ ਆਪਣੀ ਮਾਤਾ ਦੇ ਚੰਗੇ ਵਰਤਾਓ ਦਾ ਜ਼ਿਕਰ ਕੀਤਾ ਅਤੇ ਬਿਨਤੀ ਕੀਤੀ ਕਿ ਸੰਭਵ ਹੈ ਕਿ ਰੱਬ ਆਪ ਦੇ ਤੁਫ਼ੈਲ ਇਹਨਾਂ ਨੂੰ ਅੱਗ ਤੋਂ ਬਚਾ ਲਏ । ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਨੇ ਦੁਆ ਕੀਤੀ ਅਤੇ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦੀ ਮਾਂ ਨੂੰ ਇਸਲਾਮ ਕੁਬੂਲ ਕਰਨ ਦਾ ਸਦੱਾ ਦਿਤੱਾ, ਸੋ, ਉਹਨਾ ਦੇ ਇਸਲਾਮ ਕੁਬੂਲ ਕਰ ਲਿਆ ।

ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦੀ ਉਪਾਧੀ 'ਅਤੀਕ' ਬਾਰੇ ਹਜ਼ਰਤ ਆਇਸ਼ਾ ਰਜ਼ੀ ਅਲੱਾਹੁ ਅਨਹਾ ਦਾ ਇਹ ਕਥਨ ਮਿਲਦਾ ਹੈ ਕਿ ਇਕ ਮੌਕੇ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਕੋਲ ਆਏ ਤਾਂ ਆਪ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ( اَنْتَ عَتِيْقُ اللّٰہِ مِنَ النَّارِ) ਅੰਤਾ ਅਤੀਕੁਲੱਾਹਿ ਮਿਨਨੱਾਰ' ਅਰਥਾਤ ਤੁਸੀਂ ਰੱਬ ਵੱਲੋਂ ਅੱਗ ਤੋਂ ਅਜ਼ਾਦ ਕੀਤੇ ਹੋਏ ਹੋ । ਅਨੇਕਾਂ ਲਿਖਾਰੀਆਂ ਦਾ ਆਖਣਾ ਹੈ ਕਿ 'ਅਤੀਕ' ਆਪ ਜੀ ਦਾ ਨਾਂ ਸੀ ਪਰ ਇਹ ਠੀਕ ਨਹੀਂ । ਆਪ ਰਜ਼ੀ ਅਲੱਾਹੁ ਅਨਹੁ ਦੀ ਦੂਜੀ ਉਪਾਧੀ 'ਸਿੱਦੀਕ' ਬਾਰੇ ਇਹ ਵਰਨਣ ਮਿਲਦਾ ਹੈ ਕਿ ਜਹਾਲਤ ਦੇ ਯੁੱਗ ਵਿੱਚ ਆਪ ਜੀ ਨੂੰ ਇਹ ਲਕਬ (ਉਪਾਧੀ) ਦਿਤੱਾ ਗਿਆ । ਇਹ ਵੀ ਕਿਹਾ ਜਾਂਦਾ ਹੈ ਕਿ ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਦੀਆਂ ਖ਼ਬਰਾਂ ਦੀ ਝੱਟ ਤਸਦੀਕ ਕਰਨ ਕਰਕੇ ਆਪ ਰਜ਼ੀ ਅਲੱਾਹੁ ਅਨਹੁ ਦਾ ਨਾਂ 'ਸਿੱਦੀਕ' ਪੈ ਗਿਆ ਸੀ । ਹਜ਼ਰਤ ਆਇਸ਼ਾ ਰਜ਼ੀ ਅਲੱਾਹੁ ਅਨਹਾ ਵਰਨਣ ਕਰਦੀ ਹਨ ਕਿ ਜੱਦ ਰਾਤ ਸਮੇਂ ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਨੂੰ ਬੈਤੁਲ ਮੁਕਦੱਸ ਵੱਲ ਲਿਜਾਇਆ ਗਿਆ ਤਾਂ ਸਵੇਰੇ ਲੋਕ ਇਸ ਬਾਰੇ ਗਲੱਾਂ ਕਰਨ ਲੱਗੇ । ਜੱਦ ਅਬੂ ਬਕਰ ਸਿੱਦੀਕ ਰਜ਼ੀ ਅਲੱਾਹੁ ਅਨਹੁ ਨੂੰ ਇਸ ਗੱਲ ਦਾ ਪਤਾ ਲੱਗਾ ਕਿ ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਨੇ ਇਹ ਫ਼ਰਮਇਆ ਹੈ ਤਾਂ ਆਪ ਰਜ਼ੀ ਅਲੱਾਹੁ ਅਨਹੁ ਨੇ ਕਿਹਾ ਕਿ ਨਿਸ਼ਚੇ ਹੀ ਇਹੋ ਸੱਚ ਹੈ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਇਸ ਘਟਨਾ ਨੂੰ ਵਰਨਣ ਕਰਕੇ ਫ਼ਰਮਾਉਂਦੇ ਹਨ ਕਿ ਜੱਦ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੀ ਤਸਦੀਕ (ਸਹੀ) ਕੀਤੀ ਤਾਂ ਲੋਕਾਂ ਨੇ ਕਿਹਾ, ਕੀ ਆਪ ਇਸ ਅਕਲ ਵਿਰੋਧੀ ਗੱਲ ਨੂੰ ਵੀ ਮੰਨ ਲੈਣਗੇ । ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੇ ਕਿਹਾ ਮੈਂ ਤਾਂ ਇਸ ਦੀ ਇਹ ਗੱਲ ਵੀ ਮੰਨ ਲੈਂਦਾ ਹਾਂ ਕਿ ਸਵੇਰੇ ਸ਼ਾਮ ਇਸ'ਤੇ ਇਲਾਹੀ ਕਲਾਮ ਉਤਰਦਾ ਹੈ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਜੋ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੂੰ ਸਿੱਦੀਕ ਦੀ ਉਪਾਧੀ ਨਾਲ ਨਿਵਾਜ਼ਿਆ ਤਾਂ ਰੱਬ ਹੀ ਚੰਗੀ ਤਰਾਂ ਜਾਣਦਾ ਹੈ ਕਿ ਆਪ ਵਿੱਚ ਕੀ ਕਮਾਲ ਸਨ । ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੇ ਜੋ ਸਿਦਕ ਦਿਖਾਇਆ ਉਸਦੀ ਉਧਾਰਣ ਮਿਲਣੀ ਔਖੀ ਹੈ ।

ਅਤੀਕ ਤੇ ਸਿੱਦੀਕ ਤੋਂ ਬਿਨਾ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦੀਆਂ ਹੋਰ ਵੀ ਉਪਾਧੀਆਂ ਤੇ ਸਿਰਨਾਵੇਂ ਹਨ ਜਿਵੇਂ 'ਖ਼ਲੀਫ਼ਤੁਲ ਰਸੂਲੁਲੱਾਹ' اَوَّاهٌ 'ਅਵੱਾਹੁਨ' ਅਰਥਾਤ ਬਹੁਤ ਖੁੱਲਦਿਲਾ ਤੇ ਨਰਮ ਦਿਲ, ਅਮੀਰੁਸ਼ੱਾਕਿਰੀਨ ਅਰਥਾਤ ਸ਼ੁਕਰ ਕਰਨ ਵਾਲਿਆਂ ਦਾ ਸਰਦਾਰ,'ਸਾਨੀ ਅਸਨੈਨ' ਇਹ ਉਹ ਉਪਾਧੀ ਹੈ ਜਿਸ ਨਾਲ ਰੱਬ ਨੇ ਆਪ ਨੂੰ ਪੁਕਾਰਿਆ, ਜਿਵੇਂ ਕਿ ਮਦੀਨੇ ਵੱਲ ਹਿਜਰਤ ਦੇ ਦ੍ਰਿਸ਼ ਵਿੱਚ ਇਲਾਹੀ ਫ਼ਰਮਾਨ ਹੈ ਕਿ اِذْ اَخْرَجَهُ الَّذِيْنَ كَفَرُوْا ثَانِيَ اثْنَيْنِ اِذْ هُمَا فِي الْغَارِ اِذْ يَقُوْلُ لِصَاحِبِهٖ لَا تَحْزَنْ اِنَّ اللّٰہَ مَعَنَا

'ਇਜ਼ ਅਖ਼ਰਾਜਾਹੁਲ ਲਜ਼ੀਨਾ ਕਾਫ਼ਾਰੂ ਸਾਨਿਯਸਨੈਨਿ ਇਜ਼ ਹੁਮਾ ਫ਼ਿਲ ਗ਼ਾਰਿ ਇਜ਼ ਯਕੂਲੁ ਲਿਸਾਹਿਬਿਹੀ ਲਾ ਤਹਜ਼ਨ ਇਨੱਲੱਾਹਾ ਮਆਨਾ । ਕਿ ਜੱਦ ਉਸਨੂੰ ਉਹਨਾ ਲੋਕਾਂ ਨੇ ਜਿੰਨਾ ਨੇ ਕੁਫ਼ਰ ਕੀਤਾ ਤਾਂ ਦੇਸ਼ ਵਿੱਚੋਂ ਕੱਢ ਦਿਤੱਾ ਸੀ ਇਸ ਹਾਲ ਵਿੱਚ ਕਿ ਉਹ ਦੋ ਵਿੱਚੋਂ ਇਕ ਸੀ, ਜੱਦ ਉਹ ਦੋਵੇਂ ਇਕ ਗੁਫ਼ਾ ਵਿੱਚ ਸਨ ਅਤੇ ਉਹ ਆਪਣੇ ਸਾਥੀ ਨੂੰ ਕਹਿ ਰਿਹਾ ਸੀ ਕਿ ਗ਼ਮ ਨ ਕਰ ਨਿਸ਼ਚੇ ਹੀ ਰੱਬ ਸਾਡੇ ਨਾਲ ਹੈ । ਸੋ, ਰੱਬ ਨੇ ਆਪਣੀ ਸ਼ਾਂਤੀ ਉਸ'ਤੇ ਉਤਾਰੀ ।

ਹਜ਼ਰਤ ਅਕਦਸ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਰੱਬ ਨੇ ਅਤਿਅੰਤ ਕਸ਼ਟ ਤੇ ਦੁਖ ਸਮੇਂ ਆਪਣੇ ਨਬੀ ਸਲਲੱਾਹੁ ਅਲੈਹਿ ਵਸਲੱਮ ਦੀ ਆਪ (ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ) ਰਾਹੀਂ ਤਸੱਲੀ ਕਰਵਾਈ ਅਤੇ ਸਿੱਦੀਕ ਦੇ ਨਾਲ ਅਤੇ ਨਬੀ ਸਕਲੈਨ ਦੀ ਨੇੜਤਾ ਨਾਲ ਵਿਸ਼ੇਸ਼ ਕੀਤਾ ਅਤੇ ਰੱਬ ਨੇ ਆਪ ਨੂੰ 'ਸਾਨੀਯਸਨੈਨ' ਦੀ ਸਨਮਾਨਯੋਗ ਉਪਾਧੀ ਨਾਲ ਸਨਮਾਨਤ ਕੀਤਾ । ਕੀ ਤੁਸੀਂ ਕਿਸੇ ਅਜਿਹੇ ਵਿਅਕਤੀ ਨੂੰ ਜਾਣਦੇ ਹੋ ਜਿਸ ਦੀ ਕੁਰਆਨ ਸ਼ਰੀਫ਼ ਵਿੱਚ ਉਸ ਪ੍ਰਸ਼ੰਸਾ ਜਿਹੀ ਪ੍ਰਸ਼ੰਸਾ ਕੀਤੀ ਗਈ ਹੋਵੇ ਅਤੇ ਜਿਸਦੇ ਗੁਪਤ ਹਾਲਾਤਾਂ ਵਿੱਚ ਸ਼ੰਕਿਆ ਦੇ ਹੜ ਨੂ ਦੂਰ ਕਰ ਦਿਤੱਾ ਗਿਆ ਹੋਵੇ । ਆਪ ਰਜ਼ੀ ਅਲੱਾਹੁ ਅਨਹੁ ਦੀ ਇਕ ਉਪਾਧੀ 'ਸਾਹਿਬੇ ਰਸੂਲ' ਵੀ ਹੈ । ਇਕ ਵਾਰ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦੇ ਕਹਿਣ'ਤੇ ਸੂਰਤ ਤੌਬਾ ਪੜੀ ਗਈ । ਜੱਦ ਇਹ ਆਇਤ 'ਇਜ਼ ਯੁਕੂਲੁ ਲਿਸਾਹਿਬਾ' ਆਈ ਤਾਂ ਆਪ ਰਜ਼ੀ ਅਲੱਾਹੁ ਅਨਹੁ ਰੋ ਪਏ ਅਤੇ ਫ਼ਰਮਾਇਆ ਰੱਬ ਦੀ ਸਹੁੰ ! ਮੈਂ ਹੀ ਆਪ (ਸਲਲੱਾਹੁ ਅਲੈਹਿ ਵਸਲੱਮ) ਦਾ ਸਾਥੀ ਸੀ ।

ਆਪ ਜੀ ਦੀ ਇਕ ਹੋਰ ਉਪਾਧੀ 'ਆਦਮ ਸਾਨੀ' ਹੈ । ਇਹ ਲਕਬ (ਉਪਾਧੀ) ਆਪ ਰਜ਼ੀ ਅਲੱਾਹੁ ਅਨਹੁ ਨੂੰ ਹਜ਼ਰਤ ਅਕਦਸ ਮਸੀਹ ਮੌਊਦ ਅਲਹਿ ਸਲਾਮ ਨੇ ਪ੍ਰਦਾਨ ਕੀਤਾ ਹੈ ਆਪ ਆਪਣੀ ਇਕ ਲੇਖਣੀ ਵਿੱਚ ਫ਼ਰਮਾਉਂਦੇ ਹਨ ਕਿ ਅਬੂ ਬਕਰ ਇਸਲਾਮ ਦੇ ਆਦਮੇ ਸਾਨੀ ਹਨ । ਸਿਰੁੱਲ ਖ਼ਲਾਫ਼ਾ' ਵਿੱਚ ਫ਼ਰਮਾਇਆ : ਬ-ਖ਼ੁਦਾ ! ਆਪ ਰਜ਼ੀ ਅਲੱਾਹੁ ਅਨਹੁ ਇਸਲਾਮ ਲਈ 'ਆਦਮੇ ਸਾਨੀ' ਅਤੇ 'ਖ਼ੈਰੁਲ ਅਨਾਮ' ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਨੂਰਾਂ ਤੇ ਪ੍ਰਕਾਸ਼ ਦੇ ਪਹਿਲੇ ਪ੍ਰਤੀਬਿੰਬ ਸਨ।

ਆਪ ਰਜ਼ੀ ਅਲੱਾਹੁ ਅਨਹੁ ਦੀ ਇਕ ਉਪਾਧੀ 'ਖ਼ਲੀਲੁਰ ਰਸੂਲ' ਵੀ ਹੈ । ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ : ਜੇਕਰ ਮੈਂ ਕਿਸੇ ਨੂੰ 'ਖ਼ਲੀਲ' ਬਣਾਉਂਦਾ ਤਾਂ ਅਬੂ ਬਕਰ ਨੂੰ ਬਣਾਉਂਦਾ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਖ਼ਿਲਤ ਤੇ ਦੋਸਤੀ ਤਾਂ ਉਹ ਹੁੰਦੀ ਹੈ ਜੋ ਅੰਗ ਅੰਗ ਵਿੱਚ ਧੱਸ ਜਾਏ ਅਤੇ ਉਹ ਤਾਂ ਕੇਵਲ ਰੱਬ ਹੀ ਦਾ ਖ਼ਾਸਾ ਤੇ ਉਸ ਲਈ ਵਿਸ਼ੇਸ਼ ਹੈ । ਆਂਹਜਰਤ ਸਲਲੱਾਹੁ ਅਲੈਹਿ ਵਸਲੱਮ ਦੇ ਇਸ ਪਵਿਤੱਰ ਵਾਕ ਦੇ ਇਹ ਅਰਥ ਹਨ ਕਿ ਕੇਵਲ ਰੱਬ ਦੇ ਪ੍ਰੇਮ ਵਿੱਚ ਤਾਂ ਕੋਈ ਸ਼ਾਮਲ ਨਹੀਂ ਹੋ ਸਕਦਾ । ਸੰਸਾਰ ਵਿੱਚ ਕਿਸੇ ਨੂੰ ਮਿਤੱਰ ਰਖੱਦਾ ਤਾਂ ਅਬੂ ਬਕਰ ਨੂੰ ਰਖੱਦਾ ।

ਆਪ ਰਜ਼ੀ ਅਲੱਾਹੁ ਅਨਹੁ ਦੇ ਸਿਰਨਾਵੇਂ 'ਅਬੂ ਬਕਰ' ਬਾਰੇ ਵੱਖ ਵੱਖ ਕਾਰਣ ਵਰਨਣ ਕੀਤੇ ਜਾਂਦੇ ਹਨ, ਉਧਾਰਣ ਲਈ 'ਬਕਰ' ਜਵਾਨ ਊਠ ਨੂੰ ਕਹਿੰਦੇ ਹਨ । ਕਿਉਂਕਿ ਆਪ ਊਠਾਂ ਦੀ ਪਾਲਣਾ ਤੇ ਦੇਖ ਰੇਖ ਵਿੱਚ ਦਿਲਚਸਪੀ ਲੈਂਦੇ ਸਨ ਇਸ ਲਈ ਆਪ ਦਾ ਇਹ ਸਿਰਨਾਵਾਂ ਪੈ ਗਿਆ । ਕਈਆਂ ਦਾ ਵਿਚਾਰ ਹੈ ਕਿ ਆਪ ਰਜ਼ੀ ਅਲੱਾਹੁ ਅਨਹੁ ਨੇ ਇਸਲਾਮ ਕੁਬੂਲ ਕਰਨ ਵਿੱਚ ਦੂਜਿਆਂ ਤੋਂ ਪਹਿਲ ਕੀਤੀ ਇਸ ਲਈ ਜਾਂ ਕਈਆਂ ਅਨੁਸਾਰ ਇਹਨਾ ਦੀ ਪਵਿਤੱਰ ਆਦਤਾਂ ਕਰਕੇ, 'ਇਬਤਿਕਾਰ' ਅਰਥਾਰ ਅੱਗੇ ਅੱਗੇ ਹੋਣ ਦੇ ਸਬਬ 'ਅਬੂ ਬਕਰ' ਕਿਹਾ ਗਿਆ ।

ਹਜ਼ਰਤ ਆਇਸ਼ਾ ਰਜ਼ੀ ਅਲੱਾਹੁ ਅਨਹਾ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦਾ ਹੁਲੀਆ ਵਰਨਣ ਕਰਦਿਆਂ ਹੋਇਆਂ ਫ਼ਰਮਾਉਂਦੀ ਹਨ ਕਿ ਆਪ ਗੋਰੇ ਰੰਗ ਦੇ ਦੁਬਲੇ ਪਤਲੇ ਸ਼ਰੀਰ, ਪਤਲੇ ਲੱਕ, ਖਿੜੇ ਮੱਥੇ ਵਾਲੇ ਸਨ । ਗਲੱਾਂ'ਤੇ ਮਾਸ ਘੱਟ ਸੀ ਅਤੇ ਅਖੱਾਂ ਅੰਦਰ ਵੱਲ ਸਨ ਆਪ ਮਿਹੰਦੀ ਤੇ ਖ਼ਜ਼ਾਬ ਲਾਇਆ ਕਰਦੇ ਸਨ, ਆਪ ਨਰਮ ਮਿਜ਼ਾਜ ਤੇ ਕੌਮ ਵਿੱਚ ਪ੍ਰਸਿੱਧ ਤੇ ਪਿਆਰੇ ਸਨ । ਆਪ ਜੀ ਦਾ ਪੇਸ਼ਾ ਵਪਾਰ ਸੀ ਅਤੇ ਸਫ਼ਲ ਵਪਾਰ ਵਿੱਚ ਆਪ ਜੀ ਦੇ ਵਿਅਕਤੀਤਵ ਦੀਆਂ ਜਾਜ਼ਬ ਨਜ਼ਰਾਂ ਤੇ ਅਦੁੱਤੀ ਆਚਰਣ ਦਾ ਬਹੁਤ ਵੱਡਾ ਦਖ਼ਲ ਸੀ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੇ ਪੈਗੰਬਰ ਹੋਣ ਸਮੇਂ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦੀ ਸਾਰੀ ਰਾਸ (ਧੰਨ ਮਾਲ) ਚਾਲੀ ਹਜ਼ਾਰ ਦਿਰਹਮ ਸੀ ।

ਇਸਲਾਮ ਤੋਂ ਪਹਿਲਾਂ ਵੀ ਆਪ ਰਜ਼ੀ ਅਲੱਾਹੁ ਅਨਹੁ ਆਪਣੇ ਚੰਗੇ ਆਚਰਣ ਤੇ ਆਰਥਕ ਖੁਲੱਡੁਲ ਕਰਕੇ ਕੁਰੈਸ਼ਾਂ ਵਿੱਚ ਆਲਾ ਸਥਾਨ ਰਖੱਦੇ ਸਨ । ਆਪ ਕੁਰੈਸ਼ਾਂ ਦੇ ਰਈਸਾਂ ਵਿੱਚੋਂ ਸਨ ਅਤੇ ਉਹਨਾ ਦੇ ਮਸ਼ਵਰਿਆਂ ਦੇ ਧੁਰਾ ਸਨ ਆਪ ਸਭ ਤੋਂ ਵੱਧ ਪਵਿਤੱਰ ਤੇ ਨੇਕ ਲੋਕਾਂ ਵਿੱਚੋਂ ਸਨ । ਆਪ ਸਨਮਾਨ ਯੋਗ ਤੇ ਸਖ਼ੀ ਸਨ ਅਤੇ ਅਪਣਾ ਬਹੁਤ ਮਾਲ ਖ਼ਰਚ ਕਰਿਆ ਕਰਦੇ ਸਨ । ਆਪ ਆਪਣੀ ਕੌਮ ਵਿੱਚ ਹਰਮਨ ਪਿਆਰੇ ਤੇ ਪ੍ਰੇਮੀ ਸਨ । 'ਤਾਬੀਰੁਰ ਰੋਯਾ' (ਸੁਪਨਿਆ ਦੇ ਪ੍ਰਤੀਫਲ) ਦਾ ਡੂੰਘਾ ਗਿਆਨ ਆਪਜੀ ਨੂੰ ਪ੍ਰਦਾਨ ਕੀਤਾ ਗਿਆ ਸੀ । ਇਸੇ ਪ੍ਰਕਾਰ ਵੰਸ਼ਾਵਲੀ ਦੀ ਕਲਾ ਵਿੱਚ ਆਪ ਕਮਾਲ ਤੱਕ ਪਹੁੰਚੇ ਹੋਏ ਸਨ । ਇਸਲਾਮ ਤੋਂ ਪਹਿਲਾਂ ਖ਼ੂਨ ਵਹਾਉਣਾ ਅਤੇ ਦਾਨ ਇਕਠੱਾ ਕਰਨਾ ਬਨੂ ਤਯੱਮ ਬਿਨ ਮਰੱਾਹ ਕਬੀਲੇ ਦੇ ਜ਼ਿੰਮੇ ਸੀ, ਇਸ ਲਈ ਜੱਦ ਅਬੂ ਬਕਰ ਜਵਾਨ ਹੋਏ ਤਾਂ ਇਹ ਸੇਵਾ ਆਪ ਜੀ ਦੇ ਸੁਪੁਰਦ ਹੋਈ । ਗ਼ਰੀਬਾਂ ਤੇ ਮਜ਼ਲੂਮਾਂ ਦੀ ਮਦਦ ਦੇ ਇਕਰਾਰਨਾਮੇ ਤੇ ਹਲਫ਼ੁਲ ਫ਼ੁਜ਼ੂਲ ਵਿੱਚ ਵੀ ਆਪ ਸ਼ਾਮਲ ਸਨ । ਮੁਹਮੱਦ ਸਾਹਬ ਦੇ ਪੈਗੰਬਰ ਬਣਨ ਤੋਂ ਪਹਿਲਾਂ ਹੀ ਆਪ ਨੂੰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨਾਲ ਵਿਸ਼ੇਸ਼ ਲਗਾਉ ਤੇ ਆਚਰਣਕ ਸੰਬੰਧ ਸੀ । ਬਹੁਤੀ ਵਾਰ ਵਪਾਰਕ ਯਾਤਰਾਵਾਂ ਵਿੱਚ ਵੀ ਸਾਥ ਹੋਣ ਦਾ ਸੁਭਾਗ ਪ੍ਰਾਪਤ ਹੋਇਆ । ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਬ ਰਜ਼ੀ ਅਲੱਾਹੁ ਅਨਹੁ ਫ਼ਰਮਾਉਂਦੇ ਹਨਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨਾਲ ਸੰਬੰਧ ਵਿੱਚ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਇਕ ਨੰਬਰ'ਤੇ ਸਨ । ਇਸਲਾਮ ਤੋਂ ਪਹਿਲਾਂ ਜਹਾਲਤ ਦੇ ਯੁੱਗ ਤੋਂ ਹੀ ਆਪ ਨੂੰ ਸ਼ਿਰਕ (ਅਨੇਕ ਈਸਵਰਵਾਦ) ਤੋਂ ਨਫ਼ਰਤ ਸੀ । ਕਦੇ ਵੀ ਕਿਸੇ ਬੁੱਤ ਨੂੰ ਸਜੱਦਾ ਨਹੀਂ ਕੀਤਾ ਸੀ । ਇਸੇ ਪ੍ਰਕਾਰ ਹੀ ਆਪ ਨੂੰ ਸ਼ਰਾਬ ਤੋਂ ਵੀ ਨਫ਼ਰਤ ਸੀ ।

ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਸਿੱਦੀਕ ਦੇ ਇਸਲਾਮ ਕੁਬੂਲ ਕਰਨ ਬਾਰੇ ਵਰਨਣ ਮਿਲਦਾ ਹੈ ਕਿ ਇਕ ਦਿਨ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਹਜ਼ਰਤ ਹਕੀਮ ਬਿਨ ਹਜ਼ਾਮ ਦੇ ਘਰ ਸਨ ਕਿ ਹਕੀਮ ਦੀ ਲੌਂਡੀ ਨੇ ਕਿਹਾ ਤੇਰੀ ਭੂਆ ਖ਼ਦੀਜਾ ਵਰਨਣ ਕਰਦੀ ਹਨ ਕਿ ਉਸਦਾ ਪਤੀ ਮੂਸਾ ਵਾਂਗ ਨਬੀ ਬਣਾਕੇ ਭੇਜਿਆ ਗਿਆ ਹੈ । ਇਸ'ਤੇ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਚੁੱਪ ਕਰਕੇ ਉੱਠੇ ਤੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਕੋਲ ਆਏ ਤੇ ਇਸਲਾਮ ਕੁਬੂਲ ਕਰ ਲਿਆ ।

ਸੀਰਤ ਇਬਨੇ ਹਸ਼ੱਾਮ ਦੀ ਵਿਆਖਿਆ 'ਅੱਰੌਜ਼ੁਲ ਅਨਫ਼' ਵਿੱਚ ਵਰਨਣ ਹੈ ਕਿ ਆਪ ਰਜ਼ੀ ਅਲੱਾਹੁ ਅਨਹੁ ਨੇ ਸੁਪਨੇ ਵਿੱਚ ਦੇਖਿਆ ਸੀ ਕਿ ਚੰਨ ਮੱਕੇ ਵਿੱਚ ਉਤਰ ਆਇਆ ਹੈ ਅਤੇ ਟੋਟੇ ਟੋਟੇ ਹੋਕੇ ਸਾਰੀਆਂ ਥਾਵਾਂ ਤੇ ਘਰਾਂ ਵਿੱਚ ਫੈਲ ਗਿਆ ਹੈ । ਫਿਰ ਸੰਭਵਤਾ ਉਹ ਚੰਨ ਆਪ ਰਜ਼ੀ ਅਲੱਾਹੁ ਅਨਹੁ ਦੀ ਗੋਦ ਵਿੱਚ ਇਕਠੱਾ ਕਰ ਦਿਤੱਾ ਗਿਆ ਹੈ । 'ਸੁਬਲਲਹੁਦਾ' ਵਿੱਚ ਵਰਨਣ ਹੈ ਕਿ ਆਪ ਰਜ਼ੀ ਅਲੱਾਹੁ ਅਨਹੁ ਸ਼ਾਮ ਵਿੱਚ ਵਪਾਰ ਲਈ ਗਏ ਹੋਏ ਸਨ ਜੱਦ ਆਪ ਨੇ ਸੁਪਨਾ ਦੇਖਿਆ । ਬਹੀਰਾਏ ਰਾਹਬ ਨੇ ਇਸ ਦੀ ਤਾਬੀਰ (ਪ੍ਰਤੀਫ਼ਲ) ਇਹ ਵਰਨਣ ਕੀਤੀ ਸੀ ਕਿ ਤੁਹਾਡੀ ਕੌਮ ਵਿੱਚ ਇਕ ਨਬੀ ਪ੍ਰਕਟ ਹੋਵੇਗਾ । ਤੁਸੀਂ ਉਸਦੇ ਜੀਵਨ ਵਿੱਚ ਉਸਦੇ ਵਜ਼ੀਰ ਹੋਵੋਗੇ ਅਤੇ ਉਸਦੇ ਦੇਹਾਂਤ ਦੇ ਬਾਦ ਉਸਦੇ ਖ਼ਲੀਫ਼ਾ ਹੋਵੋਗੇ ।

ਖ਼ੁਤਬੇ ਦੇ ਅਖ਼ੀਰ ਵਿੱਚ ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਇਸ ਬਾਰੇ ਹੋਰ ਰਿਵਾਇਤਾਂ ਵੀ ਹਨ ਜੋ ਇਨਸ਼ਾਅਲੱਾਹ ਭਵਿੱਖ ਵਿੱਚ ਵਰਨਣ ਹੋਣਗੀਆਂ ।

اَلْحَمْدُلِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ أَنْ لَّآ اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ. عِبَادَ اللّٰہِ رحمکم اللّٰہ اِنَّ اللّٰہَ یَأْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔


**Khulasa Khutba Jumma 03.12.2021**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)


Toll Free Shoba Noorul Islam-1800-3010-2131